# ਇਨਸਾਨੀਅਤ ਦੀ ਸੇਵਾ ਨੂੰ ਸਮਰਪਿਤ-ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਨਰਸਿੰਗ ਹੁਸ਼ਿਆਰਪੁਰ

## ਬੀਬੀ ਦਵਿੰਦਰ ਕੌਰ ਔਲਖ ਦੀ ਅਗਵਾਈ 'ਚ ਸੰਸਥਾ ਛੂਹ ਰਹੀ ਹੈ ਨਵੇਂ ਦਿਸਹੱਦੇ

ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰ ਕੇ ਗਿਆਨ ਦੇ ਚਾਨਣ ਦਾ ਪਸਾਰ ਕਰਨ ਅਤੇ ਮਨੁੱਖ ਨੂੰ ਸਿਹਤਯਾਬ ਬਣਾਈ ਰੱਖਣ ਦੇ ਪਰਉਪਕਾਰ ਖੱਟਣ ਦੀ ਭਾਵਨਾ 'ਚੋਂ ਪੈਦਾ ਹੋਈ ਸੰਸਥਾ 'ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਨਰਸਿੰਗ ਹੁਸ਼ਿਆਰਪੁਰ' ਦੇ ਪੱਛੜੇ ਅਤੇ ਕੰਢੀ ਇਲਾਕੇ ਦੇ ਆਵਾਮ ਲਈ ਅਸੀਸ ਬਣ ਕੇ ਬਹੁੜੀ ਰਹਿਮਤ ਵਾਂਗ ਹੈ। ਇਹ ਸੰਸਥਾ ਆਪਣੇ ਬਾਲ-ਵਰੇਸ 'ਚ ਹੀ ਵਿਦਿਆਰਥੀਆਂ ਨੂੰ ਨਰਸਿੰਗ ਦੀ ਸਿੱਖਿਆ ਪ੍ਰਦਾਨ ਕਰਵਾਉਣ ਵਾਲੀਆਂ ਪੰਜਾਬ ਦੀਆਂ ਨਾਮਵਰ ਸੰਸਥਾਵਾਂ 'ਚ ਗਿਣੀ ਜਾਣ ਲੱਗ ਪਈ ਸੀ। ਮਾਨਵਤਾ ਦਾ ਭਲਾ ਕਰਨ ਅਤੇ ਜ਼ਿੰਦਗੀ ਦੀ ਅਨਮੋਲਤਾ ਦੇ ਅਹਿਸਾਸ 'ਚੋਂ ਪ੍ਰਗਟ ਹੋਈ ਇਹ ਸੰਸਥਾ ਗਰੀਬੀ, ਗ਼ੁਰਬਤ ਅਤੇ ਨਾਮੁਰਾਦ ਬਿਮਾਰੀਆਂ ਦੀ ਸ਼ਿਕਾਰ ਲੋਕਾਈ ਦੀ ਭਲਾਈ ਦੇ ਮੰਤਵ ਹਿੱਤ ਹੋਂਦ 'ਚ ਆਈ ਅਤੇ ਇਸ ਇਲਾਕੇ ਲਈ ਸ਼ੁੱਭ-ਸ਼ਗਨ ਬਣੀ।

1996 'ਚ ਗੁਰੂ ਰਾਮਦਾਸ ਚੈਰੀਟੇਬਲ ਸੁਸਾਇਟੀ ਦੇ ਅੰਕੁਰਤ ਹੋਣ ਉਪਰੰਤ ਸੁਸਾਇਟੀ ਵਲੋਂ ਉਸੇ ਸਾਲ ਮਲਟੀਪਰਪਜ਼ ਹੈਲਥ ਵਰਕਰ (ਮੇਲ) ਦਾ ਡਿਪਲੋਮਾ ਸ਼ੁਰੂ ਕਰਨਾ, ਇਸ ਸੁਸਾਇਟੀ ਦੇ ਮੁਢਲੇ ਉੱਦਮ ਦੇ ਪ੍ਰਤੀਫਲ ਵਜੋਂ ਕਾਮਯਾਬੀ ਦਾ ਮੁਢਲਾ ਅਧਿਆਇ ਸਿਰਜ ਗਿਆ। ਲੰਮਾ ਪੰਧ ਤੈਅ ਕਰਨ ਦੀ ਚਿੰਤਾ ਤੇ ਉਤਸ਼ਾਹ 'ਚੋਂ ਪਨਪੀ ਚੇਤਨਾ ਨੇ 1998 'ਚ ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਨਰਸਿੰਗ ਦਾ ਪੰਜਾਬ ਦੇ ਨਕਸ਼ੇ ਤੋਂ ਪਾਰ ਦੂਰ ਦਿਸਹੱਦਿਆਂ ਤੱਕ ਪਸਾਰ ਕਰਨ ਲਈ ਪੰਜਾਬ ਨਰਸਿੰਗ ਰਜਿਸਟਰੇਸ਼ਨ ਅਤੇ ਨਰਸਿੰਗ ਕੌਂਸਲ ਆਫ਼ ਇੰਡੀਆ ਵਲੋਂ ਸਟਾਫ਼ ਨਰਸ ਦੇ 3 ਸਾਲਾ ਕੋਰਸ ਦੀ ਮਨਜ਼ੂਰੀ ਹਾਸਿਲ ਕਰ ਲਈ। ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਸੁਸਾਇਟੀ ਦੀ ਚੇਅਰਪਰਸਨ ਬੀਬੀ ਦਵਿੰਦਰ ਕੌਰ ਔਲਖ ਦੀ ਸੁਹਿਰਦ ਤੇ ਸੁਯੋਗ ਅਗਵਾਈ ਹੇਠ ਪ੍ਰਬੰਧਕਾਂ ਦੀ ਸਿਦਕ-ਦਿਲੀ, ਸੇਧਤ ਸੋਚ ਅਤੇ ਇਬਾਦਤ, ਜ਼ਿੰਦਗੀ ਦੇ ਅਰਥ ਤਲਾਸ਼ ਕਰਨ ਦੇ ਮਨਸ਼ੇ ਨਾਲ ਹਮੇਸ਼ਾ ਕਿਰਿਆਸ਼ੀਲ ਰਹੀ ਹੈ। 2004 ਤੋਂ ਇਸ ਸੰਸਥਾ 'ਚ ਬੀ.ਐਸ.ਸੀ. (ਨਰਸਿੰਗ) ਦੀਆਂ ਕਲਾਸਾਂ ਦੀ ਪੜ੍ਹਾਈ ਸ਼ੁਰੂ ਹੋਣ ਨਾਲ ਇਸ ਦੇ ਕਾਰਜ




ਖੇਤਰ 'ਚ ਇਕ ਨਵੇਂ ਅਨੁਸ਼ਾਸਨ ਨੇ ਪ੍ਰਵੇਸ਼ ਪਾਇਆ। ਇਸੇ ਤਰ੍ਹਾਂ 2006 'ਚ ਬੀ.ਐਸ.ਸੀ. (ਪੋਸਟ ਬੇਸਿਕ ਨਰਸਿੰਗ), 2009 'ਚ ਐਮ.ਐਸ.ਸੀ. (ਨਰਸਿੰਗ), 2012 'ਚ ਏ.ਐਨ.ਐਮ. ਡਿਪਲੋਮਾ (ਮਲਟੀਪਰਪਜ਼ ਫੀਮੇਲ) ਤੋਂ ਇਲਾਵਾ ਹੋਮਬੇਸਡ ਕੇਅਰ ਹੈਲਪਰ, ਐਮਰਜੈਂਸੀ ਐਂਬੂਲੈਂਸ ਅਟੈਂਡੈਂਟ, ਆਪ੍ਰੇਸ਼ਨ ਥੀਏਟਰ ਅਟੈਂਡੈਂਟ, ਹਾਸਪੀਟਲ ਐਂਡ ਹੋਮਬੇਸਡ ਕੇਅਰ ਅਟੈਂਡੈਂਟ ਦੇ ਕੋਰਸ ਵੀ ਵਿਦਿਆਰਥਣਾਂ ਦੀ ਸਹੂਲਤ ਲਈ ਸ਼ੁਰੂ ਕਰਵਾਏ ਗਏ। ਇਸ ਸੰਸਥਾ ਨੂੰ ਇਸ ਗੱਲ ਦਾ ਮਾਣ ਹਾਸਿਲ ਹੈ ਕਿ ਚੇਅਰਪਰਸਨ ਬੀਬੀ ਦਵਿੰਦਰ ਕੌਰ ਔਲਖ ਦੀ ਅਗਵਾਈ 'ਚ ਡਾ: ਡਿੰਪਲ ਸੰਧੂ ਪ੍ਰਿੰਸੀਪਲ ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਨਰਸਿੰਗ, ਰਮਨਪ੍ਰੀਤ ਕੌਰ ਪ੍ਰਿੰਸੀਪਲ ਜੀ.ਐਨ.ਐਮ. ਵਿੰਗ ਤੇ ਪੂਨਮ ਤੂਰ ਵਾਈਸ ਪ੍ਰਿੰਸੀਪਲ ਤੇ ਪ੍ਰੋਫ਼ੈਸਰ ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਨਰਸਿੰਗ ਦੀ ਦੇਖ-ਰੇਖ ਹੇਠ ਹਰੇਕ ਸਾਲ ਜ਼ਰੂਰਤਮੰਦ ਅਤੇ ਯੋਗ ਲੜਕੀਆਂ ਨੂੰ ਅਨੇਕਾਂ ਸਹੂਲਤਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਨਰਸਿੰਗ ਵਲੋਂ ਪੰਜਾਬ ਦੇ ਸਿਹਤ ਵਿਭਾਗ ਅਤੇ ਗੈਰ-ਸਰਕਾਰੀ ਸਵੈ-ਸੇਵੀ ਸੰਸਥਾਵਾਂ/ਕਲੱਬਾਂ ਵਲੋਂ ਸਮੇਂ-ਸਮੇਂ 'ਤੇ ਚਲਾਈਆਂ ਜਾਂਦੀਆਂ ਸਿਹਤ ਜਾਗਰੂਕਤਾ ਮੁਹਿੰਮਾਂ 'ਚ ਵਧ-ਚੜ੍ਹ ਕੇ ਹਿੱਸਾ ਲਿਆ ਜਾਂਦਾ ਹੈ। ਖ਼ੂਨਦਾਨ ਕੈਂਪਾਂ, ਪਲਸ-ਪੋਲੀਓ ਬੂੰਦਾਂ ਪਿਲਾਉਣ ਦੀ ਮੁਹਿੰਮ, ਏਡਜ਼ ਤੋਂ ਰੋਕਥਾਮ ਅਤੇ ਬਚਾਅ ਸਾਧਨ ਅਤੇ ਮਾਦਾ ਭਰੂਣ ਹੱਤਿਆ ਦੇ ਭਿਆਨਕ ਨਤੀਜਿਆਂ ਤੋਂ ਲੋਕਾਂ ਨੂੰ ਸਿੱਖਿਅਤ ਕਰਨ 'ਚ ਇਸ ਸੰਸਥਾ ਦੇ ਵਿਦਿਆਰਥੀ ਹਮੇਸ਼ਾ ਆਪਣੀ ਯਥਾਯੋਗ ਭੂਮਿਕਾ ਨਿਭਾਉਂਦੇ ਚਲੇ ਆ ਰਹੇ ਹਨ। ਇਸ ਸੰਸਥਾ ਦੇ ਵਿਦਿਆਰਥੀ ਸੂਬਾ ਪੱਧਰੀ ਮੁਕਾਬਲਿਆਂ 'ਚ ਜਿੱਤਾਂ ਹਾਸਿਲ ਕਰਕੇ ਵਕਤ ਦੇ ਕੈਨਵਸ 'ਤੇ ਅਮਿੱਟ ਨਕਸ਼ ਉਲੀਕਦੇ ਚਲੇ ਆ ਰਹੇ ਹਨ। ਕਾਲਜ ਕੈਂਪਸ 'ਚ ਲੜਕੀਆਂ ਲਈ ਹੋਸਟਲ ਸਥਿਤ ਹੈ, ਵਿਦਿਆਰਥਣਾਂ ਨੂੰ ਬੱਸ ਅੱਡੇ ਤੋਂ ਕਾਲਜ ਤੱਕ ਕਾਲਜ ਤੋਂ ਬੱਸ ਅੱਡੇ ਤੱਕ ਲਿਆਉਣ-ਲਿਜਾਣ ਦੀ ਜ਼ਿੰਮੇਵਾਰੀ ਨੂੰ ਸਮਝਦਿਆਂ ਕਾਲਜ ਵਲੋਂ ਵਿਸ਼ੇਸ਼ ਬੱਸਾਂ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ। ਮਿਹਨਤੀ ਉੱਚ ਯੋਗਤਾਵਾਂ ਪ੍ਰਾਪਤ ਅਤੇ ਵਿਸ਼ਾ ਮਾਹਿਰ ਸਟਾਫ਼ ਦੀ ਸੁਯੋਗ ਅਗਵਾਈ ਹੇਠ ਸਾਰੀਆਂ ਪ੍ਰੀਖਿਆਵਾਂ ਦੇ 100 ਫ਼ੀਸਦੀ ਨਤੀਜੇ ਇਸ ਸੰਸਥਾ ਲਈ ਫ਼ਕਰ ਮਹਿਸੂਸ ਕਰਨ ਦਾ ਮੁਕਾਮ ਬਣਦੇ ਹਨ।




















